**ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**

**ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ: ਫੇਜ਼-8, ਅਜੀਤਗੜ੍ਹ, ਮੋਹਾਲੀ**

**ਫੋਨ ਨੰਬਰ:0172-2212221, ਫੈਕਸ ਨੰ:0172-2212793**

---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)

ਡਾਇਟ ਪ੍ਰਿੰਸੀਪਲ (ਵੈਬ ਸਾਈਟ ਰਾਹੀਂ)

ਸਮੂਹ ਸਕੂਲ ਮੁਖੀ

ਸਮੂਹ ਡੀ.ਐਮ (ਸਾਇੰਸ)

ਪੰਜਾਬ।

ਮੀਮੋ ਨੰ: 1/52-2018 (ਟ੍ਰੇਨਿੰਗ)

ਮਿਤੀ: 27/7/2018

**ਵਿਸ਼ਾ: 'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ-ਵਿਗਿਆਨ' ਪ੍ਰੋਜੈਕਟ ਅਧੀਨ ਸਕੂਲ ਪੱਧਰ ਤੇ ਸਕੂਲਾਂ ਵਿੱਚ Science Activity Fair ਲਗਾਉਣ ਸਬੰਧੀ ਸਕੂਲ ਮੁਖੀਆਂ ਨੂੰ ਦਿਸ਼ਾ ਨਿਰਦੇਸ਼।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੁਆਰਾ 'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ-ਵਿਗਿਆਨ' ਪ੍ਰੋਜੈਕਟ ਸਮੂਹ ਮਿਡਲ/ਹਾਈ/ਸੀਨੀਅਰ ਸੰਕੈਡਰੀ ਸਕੂਲਾਂ ਵਿੱਚ ਵਿਗਿਆਨ ਵਿਸ਼ੇ ਦੇ ਗੁਣਾਤਮਕ ਸੁਧਾਰ ਪੱਖੋਂ ਚਲਾਇਆ ਜਾ ਰਿਹਾ ਹੈ। ਜਿਸ ਦੇ ਤਹਿਤ ਮਿਤੀ 01-08-2018 ਤੋਂ 21-08-2018 ਤੱਕ ਪਹਿਲਾ ਤੋਂ ਤਿਆਰ Schedule ਅਨੁਸਾਰ ਕਿਸੇ **ਇੱਕ ਦਿਨ ਸਮੂਹ** ਸਰਕਾਰੀ ਸਕੂਲਾਂ ਵਿੱਚ Science Activity Fair ਲਗਾਇਆ ਜਾ ਰਿਹਾ ਹੈ।

1.1 ਸਮੂਹ ਸਕੂਲ ਮੁਖੀ ਯਕੀਨੀ ਬਣਾਉਣਗੇ ਕਿ ਇਸ Fair ਵਿੱਚ 6ਵੀਂ ਤੋਂ 10ਵੀਂ ਜਮਾਤ ਤੱਕ ਦੀਆਂ SA-1 ਦੇ Module ਵਿੱਚ ਦਰਜ ਕਿਰਿਆਵਾਂ ਦੀ ਪ੍ਰਦਰਸ਼ਨੀ ਵਿਦਿਆਰਥੀਆਂ ਵੱਲੋਂ ਲਗਾਈ ਜਾਵੇ। ਹਰ ਸਕੂਲ ਵਿੱਚ ਇਹ Activity Fair ਲਾਜ਼ਮੀ ਤੌਰ ਤੇ ਲਗਾਇਆ ਜਾਣਾ ਹੈ ਅਤੇ ਇਸ Activity Fair ਵਿੱਚ 6ਵੀਂ ਜਮਾਤ ਤੋਂ 10ਵੀਂ ਜਮਾਤ ਤੱਕ ਦੇ ਹਰੇਕ ਵਿਦਿਆਰਥੀ ਦਾ ਭਾਗ ਲੈਣਾ ਲਾਜ਼ਮੀ ਹੋਵੇਗਾ।

1.2 **Science Activity Fair ਦੀ ਤਿਆਰੀ ਅਤੇ ਸਮੁੱਚੇ ਪ੍ਰਬੰਧ ਦੀ ਜਿਮੇਵਾਰੀ ਸਕੂਲ ਮੁਖੀ ਦੀ ਹੋਵੇਗੀ।**

1.3 **ਸਮੂਹ ਸਕੂਲ ਮੁਖੀ ਯਕੀਨੀ ਬਣਾਉਗੇ ਕਿ Science Activity Fair ਦੀ ਸ਼ੁਰੂਆਤ ਸਵੇਰੇ ਠੀਕ 9.00 ਵਜੇ ਕੀਤੀ ਜਾਵੇ।**

1.4 ਜਿਸ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ 350 ਤੋਂ ਜ਼ਿਆਦਾ ਹੋਵੇ, ਉਸ ਸਕੂਲ ਵਿੱਚ Activity Fair ਦੇ ਸਫ਼ਲ ਸੰਚਾਲਨ ਅਤੇ ਸਕਾਰਾਤਮਕ ਨਤੀਜੇ ਲਈ, Activity Fair 6ਵੀਂ ਤੋਂ 8ਵੀਂ ਜਮਾਤ ਲਈ ਇੱਕ ਦਿਨ ਅਤੇ 9ਵੀਂ ਤੋਂ 10ਵੀਂ ਲਈ ਇੱਕ ਦਿਨ ਭਾਵ ਕਿ ਲਗਾਤਾਰ ਦੋ ਦਿਨਾਂ ਵਿੱਚ ਲਗਵਾਇਆ ਜਾ ਸਕਦਾ ਹੈ।

1.5 ਅਧਿਆਪਕ ਵਿਦਿਆਰਥੀਆਂ ਦੀ ਲੋੜ ਅਨੁਸਾਰ ਇੱਕ ਜਾਂ ਦੋ ਦਿਨ Pre-Fair Activity ਕਰਵਾ ਸਕਦਾ ਹੈ। ਸਕੂਲ ਮੁਖੀ Pre-Fair Activity ਲਈ ਵਿਗਿਆਨ ਵਿਸ਼ਾ ਪੜ੍ਹਾਉਣ ਵਾਲੇ ਅਧਿਆਪਕ ਅਤੇ ਦੂਸਰੇ ਵਿਸ਼ੇ (ਮੈਥ ਜਾਂ ਕੋਈ ਹੋਰ ਵਿਸ਼ਾ) ਨਾਲ ਸਬੰਧਤ ਅਧਿਆਪਕਾਂ ਦੀ ਇੱਕ ਟੀਮ ਬਣਾ ਕੇ Activity Fair ਤੋਂ ਪਹਿਲਾਂ ਇੱਕ ਜਾਂ ਦੋ ਦਿਨ ਲਗਾਤਾਰ ਕੋਈ ਤਿਨ ਪੀਰੀਅਡ ਦਾ ਸਮਾਂ ਨਿਸ਼ਚਿਤ ਕਰਨਗੇ।

1.6 **ਇਸ Activity Fair ਦੌਰਾਨ ਅਧਿਆਪਕ ਵੱਲੋਂ Activity Fair ਵਿੱਚ 6ਵੀਂ ਤੋਂ 9ਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦੇ ਅਧਾਰ 'ਤੇ, ਉਨ੍ਹਾਂ ਦੀ SA-1 ਲਈ Practical Assessment ਵੀ ਕੀਤੀ ਜਾਵੇਗੀ ਅਤੇ ਇਸਦਾ ਰਿਕਾਰਡ ਵੀ maintain ਕੀਤਾ ਜਾਵੇ। Practical Assessment ਦੇ ਅੰਕਾਂ ਦੀ ਵੰਡ ਕਿ ਹੇਠ ਲਿਖੇ ਅਨੁਸਾਰ ਹੈ:**

- **Apparatus setting - 03 marks**
- **Presentation skill - 10 marks**
- **Viva (By Teacher/DM/BM) - 05 marks**
- **Class Notebook - 02 marks**

**10ਵੀਂ ਜਮਾਤ ਦੇ ਵਿਦਿਆਰਥੀਆਂ ਦੀ ਕਾਰਗੁਜਾਰੀ ਉਸਦੇ ਸਾਲਾਨਾਂ ਮੁਲਾਂਕਣ ਲਈ ਨੋਟ ਕੀਤੀ ਜਾਵੇ ਅਤੇ ਇਸਦਾ ਰਿਕਾਰਡ ਵੀ maintain ਕੀਤਾ ਜਾਵੇ।**

1.7 **ਵਿਗਿਆਨ Activity Fair ਦੌਰਾਨ ਗਤੀਵਿਧੀ ਪ੍ਰਦਰਸ਼ਿਤ ਕਰ ਰਹੇ ਵਿਦਿਆਰਥੀ visitors ਨੂੰ ਆਪਣੀ ਗਤੀਵਿਧੀ ਬਾਰੇ ਪੂਰੀ ਤਰਾਂ ਜਾਣੂ ਕਰਵਾਉਣਗੇ। ਇਸ ਸੰਬੰਧੀ ਅਧਿਆਪਕ ਵਿਦਿਆਰਥੀਆਂ ਦੀ ਪੂਰੀ ਤਿਆਰੀ ਕਰਵਾਉਣਗੇ।**

1.8 ਸਕੂਲ ਮੁਖੀ ਇਹ ਯਕੀਨੀ ਬਣਾਉਣ ਕਿ ਵਿਗਿਆਨ Activity Fair ਵਾਲੇ ਦਿਨ SMCs Members, ਵਿਦਿਆਰਥੀਆਂ ਦੇ ਮਾਪਿਆਂ ਅਤੇ ਪਤਵੰਤੇ ਸੱਜਣਾਂ ਨੂੰ ਸੱਦਿਆ ਜਾਵੇ ਅਤੇ ਉਹਨਾਂ ਦੀ Feedback ਲਈ ਜਾਵੇ। ਵੱਧ ਤੋਂ ਵੱਧ Community ਦੀ ਭਾਗੀਦਾਰੀ ਯਕੀਨੀ ਬਣਾਈ ਜਾਵੇ।

1.9 ਵਿਗਿਆਨ Activity Fair ਵਾਲੇ ਦਿਨ ਪ੍ਰਾਇਵੇਟ ਸਕੂਲ ਦੇ ਵਿਦਿਆਰਥੀ ਵੀ ਵਿਜਿਟ ਕਰ ਸਕਦੇ ਹਨ।

2.0 ਸਕੂਲ ਮੁਖੀ ਯਕੀਨੀ ਬਣਾਉਣ ਕਿ ਸਮੂਹ ਸਕੂਲ ਸਟਾਫ (ਸਮੇਤ ਨਾਨ ਟੀਚਿੰਗ ਅਤੇ ਸੇਵਾਦਾਰ) ਵਿਦਿਆਰਥੀਆਂ ਦੁਆਰਾ ਪ੍ਰਦਰਸ਼ਿਤ ਹਰੇਕ ਗਤੀਵਿਧੀ ਦੀ ਵਿਜ਼ਟ ਕਰਨਗੇ ਅਤੇ Activity ਨਾਲ ਸਬੰਧਤ ਜਾਣਕਾਰੀ ਲੈਣਗੇ।

2.1 ਵਿਗਿਆਨ ਦੇ ਪ੍ਰਸਾਰ ਨੂੰ ਮੁੱਖ ਰਖਦੇ ਹੋਏ ਸਕੂਲ ਮੁਖੀ ਸਮੂਹ ਸਕੂਲ ਸਟਾਫ (Non Science Background) ਦੀ Activity Fair ਵਿੱਚ ਸ਼ਮੂਲਿਅਤ ਸੁਨਿਸ਼ਚਿਤ ਕਰਨ ਅਤੇ Science Activity Fair ਤੋਂ ਬਾਅਦ 1.15 ਤੋਂ 2.00 ਵਜੇ ਤੱਕ ਸਮੂਹ ਸਟਾਫ (Non Science Background) ਦਾ Fair ਵਿੱਚ ਪ੍ਰਦਰਸ਼ਿਤ ਕ੍ਰਿਆਵਾਂ ਦੀ ਜਾਣਕਾਰੀ ਨਾਲ ਸਬੰਧਤ ਗਿਆਨ ਵਰਧਕ ਮੁਕਾਬਲਾ ਕਰਵਾਉਣ ਅਤੇ ਇਸ ਮੁਕਾਬਲੇ ਦੀ ਮੋਬਾਇਲ ਨਾਲ Video ਬਣਾ ਕੇ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.)/ਪ੍ਰਿੰਸੀਪਲ ਡਾਇਟ ਅਤੇ ਸਬੰਧਤ ਬਲਾਕ ਮੈਂਟਰ ਨੂੰ Whatsapp ਰਾਹੀਂ ਭੇਜਣਗੇ। ਮੁਕਾਬਲੇ ਦੌਰਾਨ ਪਹਿਲਾਂ,ਦੂਜਾ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਸਟਾਫ ਮੈਂਬਰ ਨੂੰ Appreciate ਕੀਤਾ ਜਾਵੇ।

2.2 ਵਿਗਿਆਨ Activity ਪ੍ਰਦਰਸ਼ਿਤ ਕਰ ਰਿਹਾ ਹਰੇਕ ਵਿਦਿਆਰਥੀ ਅਤੇ ਸਕੂਲ ਦੀ ਹੋਰ ਜਮਾਤਾਂ ਦੇ ਵਿਦਿਆਰਥੀ ਹਰੇਕ ਗਤੀਵਿਧੀ ਦੀ ਵਿਜ਼ਟ ਕਰਨਗੇ ਤਾਂ ਜੋ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਹੋ ਸਕੇ।

2.3 ਸਕੂਲ ਮੁਖੀ ਇਹ ਸੁਨਿਸ਼ਚਿੱਤ ਕਰਨਗੇ ਕਿ Activity Fair ਵਿੱਚ ਸਾਇੰਸ ਵਿਸ਼ੇ ਦੀਆਂ ਗਤੀਵਿਧੀਆਂ ਤੋਂ ਇਲਾਵਾ ਕੋਈ ਹੋਰ ਗਤੀਵਿਧੀ (ਰੰਗੋਲੀ, Cultural Activities ਆਦਿ) ਨਾ ਕੀਤੀ ਜਾਵੇ। ਇਹ ਯਕੀਨੀ ਬਣਾਇਆ ਜਾਵੇ ਕਿ Activity Fair ਸਾਦੇ ਢੰਗ ਨਾਲ ਕਰਵਾਇਆ ਜਾਵੇ ਤਾਂ ਜੋ ਇਸ Activity Fair ਦੇ ਅਸਲੀ ਉਦੇਸ਼ ਦੀ ਪ੍ਰਾਪਤੀ ਹੋ ਸਕੇ।

2.4 **Activity Fair ਦੌਰਾਨ Heat ਵਾਲੀਆਂ ਕਿਰਿਆਵਾਂ ਕਰਵਾਉਂਦੇ ਸਮੇਂ Double bench ਦੀ ਵਰਤੋਂ ਕੀਤੀ ਜਾਵੇ ਤਾਂ ਜੋ ਵਿਦਿਆਰਥੀ ਅਤੇ ਜਲਣਸ਼ੀਲ ਪਦਾਰਥ ਵਿੱਚ ਉਚਿਤ ਦੂਰੀ ਬਣੀ ਰਹੇ।**

- **Activity Fair ਸਮੇਂ ਜਲਣਸ਼ੀਲ ਪਦਾਰਥ ਨੇੜੇ ਪਾਣੀ ਦੀ ਅਤੇ ਰੇਤ ਦੀ ਭਰੀ ਬਾਲਟੀ ਦਾ ਪ੍ਰਬੰਧ ਹੋਵੇ ਅਤੇ ਉੱਥੇ ਕਿਸੇ ਹੋਰ ਵਿਸ਼ੇ ਨਾਲ ਸਬੰਧਤ ਇੱਕ ਜਾਂ ਦੋ ਅਧਿਆਪਕਾਂ ਦੀ ਡਿਊਟੀ ਲਗਾਈ ਜਾਵੇ ਤਾਂ ਜੋ ਉਹ ਮੁਕੰਮਲ ਨਿਗਰਾਨੀ ਰੱਖ ਸਕਣ ਅਤੇ ਡਿਊਟੀ ਦਾ ਇੰਦਰਾਜ ਆਰਡਰ ਬੁੱਕ ਵਿੱਚ ਕੀਤਾ ਜਾਵੇ।**

2.5 ਹਾਈ, ਸੀਨੀਅਰ ਸੰਕੈਡਰੀ ਸਕੂਲ ਮੁਖੀ ਇਹ ਯਕੀਨੀ ਬਣਾਉਣਗੇ ਕਿ ਜਿਹਨਾਂ ਮਿਡਲ ਸਕੂਲਾਂ ਵਿੱਚ ਵਿਗਿਆਨ ਵਿਸ਼ੇ ਦੀ ਆਸਾਮੀ ਖਾਲੀ ਹੈ ਉਹਨਾਂ ਸਕੂਲਾਂ ਵਿੱਚ Pre- Fair ਅਤੇ Activity Fair ਦੌਰਾਨ ਆਪਣੇ ਸਕੂਲ ਦੇ ਵਿਗਿਆਨ ਅਧਿਆਪਕ ਦੀ ਡਿਊਟੀ ਤਿੰਨ ਦਿਨ ਲਈ (ਦੋ ਦਿਨ- Pre Fair ਅਤੇ ਇਕ ਦਿਨ- Science Activity Fair) ਆਰਜੀ ਤੌਰ ਤੇ ਲਗਾਈ ਜਾਵੇ।

2.6 ਸਕੂਲ ਮੁਖੀ ਯਕੀਨੀ ਬਣਾਉਣ ਕਿ ਆਪਣੇ ਕੰਪਲੈਕਸ ਮਿਡਲ ਸਕੂਲਾਂ ਵਿੱਚ Science Activity Fair ਦੌਰਾਨ ਵਿਦਿਆਰਥੀਆਂ ਦੀ ਹੌਸਲਾਂ ਅਫਜਾਈ ਲਈ ਖੁਦ ਵਿਜਿਟ ਕਰਨ।

2.7 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ, ਸਮੂਹ ਡਾਇਟ ਪ੍ਰਿੰਸੀਪਲ ਅਤੇ ਜ਼ਿਲ੍ਹਾ ਸਿੱਖਿਆ ਸੁਧਾਰ ਟੀਮਾਂ ਵੱਖ- ਵੱਖ ਸਕੂਲਾਂ ਵਿੱਚ ਆਯੋਜਿਤ ਕੀਤੇ ਜਾ ਰਹੇ Science Activity Fair ਦੀ Monitoring ਕਰਨਗੇ ਅਤੇ ਵਿਦਿਆਰਥੀਆਂ ਦੀ ਹੌਸਲਾਂ ਅਵਫਜਾਈ ਕਰਨਗੇ।

2.8 ਸਮੂਹ ਸਕੂਲ ਮੁਖੀ ਆਪਣੇ ਸਕੂਲ ਵਿੱਚ ਕੰਮ ਕਰ ਰਹੇ ਐਸ.ਐਲ.ਏ. ਨੂੰ ਇਹ ਜਾਣਕਾਰੀ ਮੁਹਇਆ ਕਰਵਾਉਣ ਕਿ ਹਾਲ ਹੀ ਵਿੱਚ ਉਹਨਾਂ ਨੂੰ ਜਿਹੜੀ ਟ੍ਰੇਨਿੰਗ ਕਰਵਾਈ ਗਈ ਹੈ ਉਸ ਨਾਲ ਸਬੰਧਤ ਇਕ ਟੈਸਟ ਦਾ ਆਯੋਜਨ Science Activity Fair(21-08-2018) ਤੋਂ ਬਾਅਦ ਜ਼ਿਲ੍ਹਾ ਪੱਧਰ ਤੇ ਕੀਤਾ ਜਾਵੇਗਾ।

— ਸਹੀ —
**ਸਹਾਇਕ ਡਾਇਰੈਕਟਰ**
**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ**
**ਪੰਜਾਬ**

ਪਿੱਠ ਅੰਕਣ ਨੰ: ਉਕਤ ਮਿਤੀ: 27-7-2018

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
2. ਡੀ.ਪੀ.ਆਈ.(ਸੈ.ਸਿੱ.)।
3. ਡੀ.ਪੀ.ਆਈ. (ਐ.ਸਿੱ.)

**ਸਹਾਇਕ ਡਾਇਰੈਕਟਰ**
**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ**
**ਪੰਜਾਬ**